BRITISH COLUMBIA

# ਫਰੈਂਚਾਈਜ਼ਿਸ ਐਕਟ
# ਸਵਾਲ ਅਤੇ ਜਵਾਬ

## 1. ਫਰੈਂਚਾਈਜ਼ ਕੀ ਹੈ?

- ਫਰੈਂਚਾਈਜ਼ ਇਕ ਤਰ੍ਹਾਂ ਦਾ ਬਿਜ਼ਨਸ ਹੈ ਜਿਸ ਵਿਚ ਇਕ ਧਿਰ (ਫਰੈਂਚਾਈਜ਼ਰ) ਦੂਜੀ ਧਿਰ (ਫਰੈਂਚਾਈਜ਼ੀ) ਨੂੰ ਫੀਸਾਂ ਅਤੇ ਰੌਇਲਟੀਜ਼ (ਹੱਕ ਮਾਲਕੀ) ਦੇ ਬਦਲੇ ਫਰੈਂਚਾਈਜ਼ਰ ਦੇ ਕਾਰੋਬਾਰੀ ਸਿਸਟਮ ਜਾਂ ਟਰੇਡ ਨਾਂ ਥੱਲੇ ਚੀਜ਼ਾਂ ਜਾਂ ਸੇਵਾਵਾਂ ਵੇਚਣ ਦਾ ਹੱਕ ਦਿੰਦੀ ਹੈ। ਫਰੈਂਚਾਈਜ਼ਰ, ਫਰੈਂਚਾਈਜ਼ੀ ਨੂੰ ਓਪਰੇਟਿੰਗ ਸਿਸਟਮ, ਬਰਾਂਡ ਦਾ ਨਾਂ ਅਤੇ ਮਦਦ ਪ੍ਰਦਾਨ ਕਰਦਾ ਹੈ ਅਤੇ ਫਰੈਂਚਾਈਜ਼ੀ ਬਰਾਂਡ ਦੀ ਇਕਸਾਰਤਾ ਯਕੀਨੀ ਬਣਾਉਣ ਲਈ ਫਰੈਂਚਾਈਜ਼ਰ ਵਲੋਂ ਦੱਸੇ ਗਏ ਤਰੀਕਿਆਂ ਮੁਤਾਬਕ ਬਿਜ਼ਨਸ ਚਲਾਉਂਦਾ ਹੈ।
- ਇਹ ਸਬੰਧ ਫਰੈਂਚਾਈਜ਼ ਐਗਰੀਮੈਂਟ ਜਾਂ ਇਕਰਾਰਨਾਮੇ 'ਤੇ ਆਧਾਰਿਤ ਹੁੰਦਾ ਹੈ ਜਿਹੜਾ ਬਿਜ਼ਨਸ ਦੇ ਸਬੰਧ ਨੂੰ ਚਲਾਉਂਦਾ ਹੈ।

## 2. ਸਾਨੂੰ ਫਰੈਂਚਾਈਜ਼ਿਸ ਐਕਟ ਦੀ ਕਿਉਂ ਲੋੜ ਹੈ?

- ਸਰਕਾਰ ਇਹ ਸਮਝਦੀ ਹੈ ਕਿ ਫਰੈਂਚਾਈਜ਼ੀ ਕਾਫੀ ਵੱਡਾ ਪੂੰਜੀ ਨਿਵੇਸ਼ ਕਰਦੇ ਹਨ ਪਰ ਉਹ ਅਕਸਰ ਉਦੋਂ ਘਾਟੇ ਵਿਚ ਹੁੰਦੇ ਹਨ ਜਦੋਂ ਉਹ ਗਿਆਨ ਅਤੇ ਤਜਰਬੇ ਦੀ ਘਾਟ ਕਾਰਨ, ਫਰੈਂਚਾਈਜ਼ ਦੇਣ ਦੀ ਪੇਸ਼ਕਸ਼ ਕਰ ਰਹੀ ਕੰਪਨੀ ਵਲੋਂ ਦਿੱਤੀ ਗਈ ਜਾਣਕਾਰੀ 'ਤੇ ਨਿਰਭਰ ਕਰ ਰਹੇ ਹੁੰਦੇ ਹਨ।

## 3. ਨਵਾਂ ਫਰੈਂਚਾਈਜ਼ਿਸ ਐਕਟ ਕੀ ਕਰਦਾ ਹੈ?

- *ਫਰੈਂਚਾਈਜ਼ਿਸ ਐਕਟ* ਬੀ.ਸੀ. ਵਿਚ ਫਰੈਂਚਾਈਜ਼ਡ ਬਿਜ਼ਨਸਾਂ ਦੀ ਨਿਗਰਾਨੀ ਕਰਦਾ ਹੈ ਅਤੇ ਬੀ.ਸੀ. ਆਧਾਰਿਤ ਫਰੈਂਚਾਈਜ਼ੀਜ਼ ਲਈ ਮਹੱਤਵਪੂਰਨ ਕਾਨੂੰਨੀ ਹਿਫਾਜ਼ਤ ਪ੍ਰਦਾਨ ਕਰਦਾ ਹੈ ਜਿਹੜੀ ਉਨ੍ਹਾਂ ਕੋਲ ਪਹਿਲਾਂ ਨਹੀਂ ਸੀ। ਇਸ ਵਿਚ ਸ਼ਾਮਲ ਹੈ:
  - ਇਹ ਮੰਗ ਕਰਨਾ ਕਿ ਇਕਰਾਰਨਾਮਿਆਂ ਵਿਚ ਵਿਕਰੀ ਤੋਂ ਪਹਿਲਾਂ ਡਿਸਕਲੋਜ਼ਰ ਦੀਆਂ ਸ਼ਰਤਾਂ ਸ਼ਾਮਲ ਹੋਣ;
  - ਝਗੜਿਆਂ ਦੇ ਹੱਲ ਕਰਨ ਵਿਚ ਧਿਰਾਂ ਦੀ ਮਦਦ ਕਰਨ ਲਈ ਕਾਨੂੰਨੀ ਹੱਕ ਅਤੇ ਹਿਫਾਜ਼ਤਾਂ ਪ੍ਰਦਾਨ ਕਰਨਾ;
  - ਇਹ ਮੰਗ ਕਰਨਾ ਕਿ ਝਗੜਿਆਂ ਦੀ ਸੁਣਵਾਈ ਬੀ. ਸੀ. ਵਿਚ ਹੋਵੇ;
  - ਉਨ੍ਹਾਂ ਕੇਸਾਂ ਵਿਚ ਫਰੈਂਚਾਈਜ਼ੀਜ਼ ਨੂੰ ਨੁਕਸਾਨਾਂ ਲਈ ਅਦਾਲਤ ਵਿਚ ਮੁਕੱਦਮਾ ਕਰਨ ਦੇ ਸਮਰੱਥ ਕਰਨਾ ਜਿੱਥੇ ਫਰੈਂਚਾਈਜ਼ ਐਗਰੀਮੈਂਟ ਦੀ ਪਾਲਣਾ ਨਹੀਂ ਕੀਤੀ ਜਾਂਦੀ ਜਾਂ ਜਿੱਥੇ ਫਰੈਂਚਾਈਜ਼ੀ ਨੂੰ ਲੋੜੀਂਦੀ ਡਿਸਕਲੋਜ਼ਰ ਜਾਣਕਾਰੀ ਨਹੀਂ ਮਿਲਦੀ;
  - ਜੇ ਸ਼ਰਤ ਮੁਤਾਬਕ ਫਰੈਂਚਾਈਜ਼ੀਜ਼ ਨੂੰ ਡਿਸਕਲੋਜ਼ਰ ਦਾ ਦਸਤਾਵੇਜ਼ ਨਹੀਂ ਦਿੱਤਾ ਗਿਆ ਤਾਂ ਫਰੈਂਚਾਈਜ਼ੀਜ਼ ਨੂੰ ਫਰੈਂਚਾਈਜ਼ ਦਾ ਐਗਰੀਮੈਂਟ ਕੈਂਸਲ ਕਰਨ ਅਤੇ ਆਪਣੇ ਪੈਸੇ ਵਾਪਸ ਮੰਗਣ ਦੀ ਆਗਿਆ ਦੇਣਾ; ਅਤੇ
  - ਇਹ ਪੱਕਾ ਕਰਨਾ ਕਿ ਮੁਕੱਦਮੇ ਸਿਰਫ ਬੀ.ਸੀ. ਵਿਚ ਹੀ ਸ਼ੁਰੂ ਕੀਤੇ ਜਾ ਸਕਦੇ ਹੋਣ।

## 4. ਕੀ ਐਕਟ ਉਹ ਸਾਰੀ ਹਿਫਾਜ਼ਤ ਪ੍ਰਦਾਨ ਕਰਦਾ ਹੈ ਜਿਸ ਦੀ ਮੈਨੂੰ ਲੋੜ ਹੈ?

- ਨਹੀਂ। ਫਰੈਂਚਾਈਜ਼ ਦਾ ਕਾਨੂੰਨ ਅਸੰਤੁਲਨ ਨੂੰ ਦਰੁਸਤ ਕਰਨ ਵਿਚ ਮਦਦ ਕਰਦਾ ਹੈ ਪਰ ਇਹ ਕਾਨੂੰਨੀ ਸਲਾਹ ਜਾਂ ਕੋਈ ਫਰੈਂਚਾਈਜ਼ਡ ਬਿਜ਼ਨਸ ਸ਼ੁਰੂ ਕਰਨ ਜਾਂ ਖਰੀਦਣ ਤੋਂ ਪਹਿਲਾਂ ਜ਼ਰੂਰੀ ਘੋਖ-ਪੜਤਾਲ ਕਰਨ ਦਾ ਬਦਲ ਨਹੀਂ ਹੈ।
- ਫਰੈਂਚਾਈਜ਼ੀ ਨੂੰ ਡਾਕੂਮੈਂਟਸ (ਦਸਤਾਵੇਜ਼ਾਂ) ਦੀ ਘੋਖ ਕਰਨ ਲਈ ਸਦਾ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ਅਤੇ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਇਨ੍ਹਾਂ 'ਤੇ ਦਸਖਤ ਕਰਨ ਤੋਂ ਪਹਿਲਾਂ ਉਹ ਪੂਰੇ ਐਗਰੀਮੈਂਟ ਨੂੰ ਸਮਝਦਾ ਹੈ। ਉਨ੍ਹਾਂ ਹੋਰ ਫਰੈਂਚਾਈਜ਼ੀਜ਼ ਨਾਲ ਗੱਲ ਕਰਨਾ ਵੀ ਫਾਇਦੇਮੰਦ ਹੋ ਸਕਦਾ ਹੈ ਜਿਹੜੇ ਉਹੀ ਫਰੈਂਚਾਈਜ਼ ਚਲਾ ਰਹੇ ਹਨ। ਬਹੁਤ ਸਾਰੇ ਹੋਰ ਫਰੈਂਚਾਈਜ਼ੀਜ਼ ਨਾਲ ਗੱਲ ਕਰੋ ਅਤੇ ਬਹੁਤ ਸਾਰੇ ਸਵਾਲ ਪੁੱਛੋ।

## 5. ਕੀ ਐਕਟ ਸਭ ਤੋਂ ਵਧੀਆ ਫਰੈਂਚਾਈਜ਼ ਦੀ ਪਛਾਣ ਕਰਨ ਵਿਚ ਮੇਰੀ ਮਦਦ ਕਰੇਗਾ?

- ਨਹੀਂ, ਇਹ ਵਿਅਕਤੀ ਦਾ ਕੰਮ ਹੈ। ਪਰ, ਇਹ ਪੱਕਾ ਕਰਨ ਲਈ ਕਈ ਕਦਮ ਚੁੱਕੇ ਜਾ ਸਕਦੇ ਹਨ ਕਿ ਤੁਸੀਂ ਚੰਗੀ ਜਾਣਕਾਰੀ ਲੈ ਕੇ ਫੈਸਲਾ ਕਰ ਰਹੇ ਹੋ। ਜਿਵੇਂ ਕਿ ਕੋਈ ਵੀ ਬਿਜ਼ਨਸ ਖਰੀਦਣ ਦੇ ਕੇਸ ਵਿਚ ਹੁੰਦਾ ਹੈ, ਕੋਈ ਵੀ ਫਰੈਂਚਾਈਜ਼ ਖਰੀਦਣ ਦੇ ਖਤਰੇ ਹੁੰਦੇ ਹਨ। ਅਤੇ ਹੋਰ ਬਿਜ਼ਨਸਾਂ ਵਾਂਗ, ਬਿਜ਼ਨਸ ਸ਼ੁਰੂ ਕਰਨਾ ਬਹੁਤ ਸਾਰੀ ਵਿਉਂਤਬੰਦੀ ਅਤੇ ਲਗਾਤਾਰ ਸਖਤ ਮਿਹਨਤ ਦੀ ਮੰਗ ਕਰਦਾ ਹੈ। ਇਸ ਵਿਉਂਤਬੰਦੀ ਦਾ ਇਕ ਹਿੱਸਾ ਇਹ ਪੱਕਾ ਕਰਨ ਲਈ ਕਾਨੂੰਨੀ ਸਲਾਹ ਲੈਣਾ ਹੈ ਕਿ ਤੁਸੀਂ ਆਪਣੇ ਲਈ ਸਹੀ ਚੋਣ ਕਰ ਰਹੇ ਹੋ।

[Punjabi]

*ਬੀ ਸੀ ਵਿਚ ਬਿਜ਼ਨਸ ਸ਼ੁਰੂ ਕਰਨ ਬਾਰੇ ਹੋਰ ਜਾਣਕਾਰੀ ਲੱਭ ਰਹੇ ਹੋ – ਅੱਗੇ ਦਿੱਤੇ ਵਸੀਲੇ ਸਹੀ ਸੇਧ ਵਿਚ ਗਾਈਡ ਕਰਨ ਵਿਚ ਤੁਹਾਡੀ ਮਦਦ ਕਰਨਗੇ।*